# ਦੇਖਭਾਲਕਰਤਾਵਾਂ ਲਈ ਸਹਾਇਤਾ

## ਕੀ ਤੁਸੀਂ ਦੇਖਭਾਲਕਰਤਾ ਹੋ?

ਜੇਕਰ ਤੁਸੀਂ ਕਿਸੇ ਪਰਿਵਾਰਕ ਮੈਂਬਰ ਜਾਂ ਦੋਸਤ ਦੀ ਮਦਦ ਕਰਦੇ ਹੋ ਜਿਸਨੂੰ ਅਪਾਹਜਤਾ, ਬਿਮਾਰੀ, ਮਾਨਸਿਕ ਸਿਹਤ ਸਮੱਸਿਆ, ਸ਼ਰਾਬ ਜਾਂ ਹੋਰ ਨਸ਼ੀਲੇ ਪਦਾਰਥਾਂ ਦੀ ਵਰਤੋਂ, ਜਾਂ ਬੁਢਾਪੇ ਕਾਰਨ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ ਇੱਕ ਦੇਖਭਾਲਕਰਤਾ ਹੋ ਸਕਦੇ ਹੋ।



## ਤੁਹਾਡੇ ਲਈ ਕਿਹੜੀ ਸਹਾਇਤਾ ਉਪਲਬਧ ਹੈ?

ਤੁਸੀਂ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ:

- ਜਾਣਕਾਰੀ, ਸਲਾਹ ਅਤੇ ਦੇਖਭਾਲਕਰਤਾ ਲਈ ਸਹਾਇਤਾ
- ਸਿੱਖਿਆ ਅਤੇ ਸਹਾਇਤਾ ਸਮੂਹ
- ਵਿੱਤੀ ਸਹਾਇਤਾ ਅਤੇ ਭੁਗਤਾਨ
- ਛੋਟਾਂ, ਰਿਆਇਤਾਂ ਅਤੇ ਕਾਰਡ
- ਐਮਰਜੈਂਸੀ ਅਤੇ ਰਿਸਪਾਈਟ ਸਹਾਇਤਾ (ਕੁੱਝ ਸਮੇਂ ਲਈ ਦੇਖਭਾਲ ਤੋਂ ਰਾਹਤ)

## ਕੌਣ ਮਦਦ ਕਰ ਸਕਦਾ ਹੈ?

ਜੇ ਤੁਸੀਂ ਕਿਸੇ ਦੀ ਦੇਖਭਾਲ ਕਰਦੇ ਹੋ, ਤਾਂ ਇਹ ਸੇਵਾਵਾਂ ਤੁਹਾਨੂੰ ਜਾਣਕਾਰੀ, ਸਲਾਹ ਅਤੇ ਸਹਾਇਤਾ ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦੀਆਂ ਹਨ।

**Victorian Carers Alliance**

Carers Victoria

DPV Health

## ਦੇਖਭਾਲਕਰਤਾਵਾਂ ਲਈ ਭੁਗਤਾਨ, ਕਾਰਡ ਅਤੇ ਛੋਟਾਂ

ਕੁੱਝ ਦੇਖਭਾਲਕਰਤਾ ਭੁਗਤਾਨ, ਕਾਰਡ, ਰਿਆਇਤਾਂ ਜਾਂ ਹੋਰ ਲਾਭ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹਨ।

### Carer Payment (ਕੇਅਰਰ ਪੇਮੈਂਟ)

ਜੇ ਤੁਸੀਂ ਕਿਸੇ ਅਪਾਹਜਤਾ ਜਾਂ ਮੈਡੀਕਲ ਸਥਿਤੀ ਵਾਲੇ ਵਿਅਕਤੀ, ਜਾਂ ਬੁਢਾਪੇ ਕਾਰਨ ਕਮਜ਼ੋਰ ਹੋ ਚੁੱਕੇ ਕਿਸੇ ਬਾਲਗ ਦੀ ਲਗਾਤਾਰ ਦੇਖਭਾਲ ਕਰਦੇ ਹੋ, ਤਾਂ ਤੁਹਾਨੂੰ ਇਹ ਭੁਗਤਾਨ ਮਿਲ ਸਕਦਾ ਹੈ।

www.carersvictoria.org.au/benefits/carer-payment

### Carer Allowance (ਕੇਅਰਰ ਅਲਾਊਂਸ)

ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਦੀ ਦੇਖਭਾਲ ਕਰਦੇ ਹੋ ਜਿਸਨੂੰ ਰੋਜ਼ਾਨਾ ਸਹਾਇਤਾ ਦੀ ਲੋੜ ਹੁੰਦੀ ਹੈ, ਤਾਂ ਤੁਹਾਨੂੰ ਇਹ ਵਾਧੂ ਭੁਗਤਾਨ ਮਿਲ ਸਕਦਾ ਹੈ।

www.carersvictoria.org.au/benefits/financial-supports-for-carers

### Carer Card (ਕੇਅਰਰ ਕਾਰਡ)

ਵਿਕਟੋਰੀਆ ਸਰਕਾਰ ਵੱਲੋਂ ਜਾਰੀ ਕੀਤਾ ਜਾਣ ਵਾਲਾ ਇੱਕ ਕਾਰਡ, ਜਿਸ ਰਾਹੀਂ ਯੋਗ ਦੇਖਭਾਲਕਰਤਾਵਾਂ ਨੂੰ ਛੋਟਾਂ ਅਤੇ ਹੋਰ ਲਾਭ ਮਿਲਦੇ ਹਨ।

**1800 901 958**

www.carersvictoria.org.au/benefits/victorian-carer-card

### Companion Card (ਕੰਪੈਨੀਅਨ ਕਾਰਡ)

'ਕੰਪੈਨੀਅਨ ਕਾਰਡ' (ਸਾਥੀ ਕਾਰਡ) ਗੰਭੀਰ ਅਤੇ ਸਥਾਈ ਅਪਾਹਜਤਾ ਵਾਲੇ ਵਿਅਕਤੀ ਨੂੰ ਕਿਸੇ ਸਹਾਇਕ ਵਿਅਕਤੀ ਜਾਂ ਦੇਖਭਾਲਕਰਤਾ ਨਾਲ ਬਿਨਾਂ ਕਿਸੇ ਵਾਧੂ ਖ਼ਰਚੇ ਦੇ ਸਮਾਜਿਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਵਿੱਚ ਮਦਦ ਕਰਦਾ ਹੈ, ਬਸ਼ਰਤੇ ਕਿ ਸੰਸਥਾਵਾਂ ਇਸ ਪ੍ਰੋਗਰਾਮ ਵਿੱਚ ਹਿੱਸਾ ਲੈ ਰਹੀਆਂ ਹੋਣ।

**1800 650 611**

www.carersvictoria.org.au/benefits/companion-card

### ਹੋਰ ਲਾਭ

ਦੇਖਭਾਲਕਰਤਾਵਾਂ ਲਈ ਉਪਲਬਧ ਰਿਆਇਤਾਂ, ਛੋਟਾਂ, ਆਵਾਜਾਈ ਸਹਾਇਤਾ ਅਤੇ ਹੋਰ ਸਹਾਇਤਾ ਬਾਰੇ ਜਾਣਕਾਰੀ ਲਈ:

www.carersvictoria.org.au/benefits



## ਕੀ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ?

ਕਿਰਪਾ ਕਰਕੇ Carers Victoria (ਕੇਅਰਰਜ਼ ਵਿਕਟੋਰੀਆ) ਦੀ **(ਰਾਜ-ਪੱਧਰੀ ਸਲਾਹ ਸੇਵਾ)** ਨਾਲ ਸੰਪਰਕ ਕਰੋ:

**1800 514 845**

(ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ)

**reception@carersvictoria.org.au**

**www.carersvictoria.org.au**

Victorian Carers Alliance

Carers Victoria

Carers Victoria ਪੂਰੇ ਰਾਜ ਵਿੱਚ ਦੇਖਭਾਲਕਰਤਾਵਾਂ ਨੂੰ ਸਹਾਇਤਾ ਅਤੇ ਮਾਹਰ ਸਲਾਹ ਪ੍ਰਦਾਨ ਕਰਦਾ ਹੈ।

ਕੋਈ ਸਮਾਗਮ ਜਾਂ ਸਿੱਖਿਆ ਪ੍ਰੋਗਰਾਮ ਲੱਭੋ, ਜਾਂ ਦੇਖਭਾਲਕਰਤਾਵਾਂ ਦੇ ਸਹਾਇਤਾ ਸਮੂਹ ਨਾਲ ਜੁੜੋ।

**www.carersvictoria.org.au**

**1800 514 845**

---

Carer Gateway

Carer Gateway (ਕੇਅਰਰ ਗੇਟਵੇ) ਆਸਟ੍ਰੇਲੀਆਈ ਸਰਕਾਰ ਦਾ ਇੱਕ ਪ੍ਰੋਗਰਾਮ ਹੈ ਜੋ ਦੇਖਭਾਲਕਰਤਾਵਾਂ ਲਈ ਮੁਫ਼ਤ ਸੇਵਾਵਾਂ ਅਤੇ ਸਹਾਇਤਾ ਪ੍ਰਦਾਨ ਕਰਦਾ ਹੈ।

**www.carergateway.gov.au**

**1800 422 737**

